**ਪੰਜਾਬ ਆਈ ਸੀ ਟੀ ਐਜੂਕੇਸ਼ਨ ਸੋਸਾਇਟੀ**
**ਵਲੋਂ ਰਿਆਇਤੀ ਰੇਟਾਂ ਤੇ Computer Certificate Course ਕਰਵਾਉਣ ਬਾਰੇ ।**

ਪੰਜਾਬ ICT ਸਿੱਖਿਆ ਸੋਸਾਇਟੀ (PICTES) ਨੌਜ਼ਵਾਨ ਲੜਕੇ ਤੇ ਲੜਕੀਆਂ ਜਿਨ੍ਹਾਂ ਕੋਲ ਤਕਨੀਕੀ ਮਾਹਿਰਤਾ ਨਾ ਹੋਣ ਕਰਕੇ ਬੇਰੁਜ਼ਗਾਰ ਹਨ, ਉਹਨਾਂ ਨੌਜਵਾਨਾਂ ਨੂੰ ਲੋੜੀਂਦੀ ਸਮੱਰਥਾ ਪ੍ਰਦਾਨ ਕਰਨ ਲਈ ਤਿੰਨ ਮਹੀਨੇ ਦਾ ਕੰਪਿਊਟਰ ਸਰਟੀਫੀਕੇਟ ਕੋਰਸ ਰਿਆਇਤੀ ਫੀਸ ਤੇ ਕਰਵਾ ਰਹੀ ਹੈ।

ਕੋਰਸ 2 ਅਗਸਤ ਤੋਂ 2 ਨਵੰਬਰ, 2010 ਤਕ ਕਰਵਾਇਆ ਜਾਵੇਗਾ। ਕੋਰਸ ਲਈ ਕਲਾਸਾਂ ਸ਼ਾਮ ਵੇਲੇ ਸੋਮਵਾਰ ਤੋਂ ਸ਼ੁਕਰਵਾਰ ਤਕ 3:30 ਵਜੇ ਤੋਂ 5:30 ਵਜੇ ਤਕ ਲਗਣਗੀਆਂ। ਕੋਰਸ ਦੀ ਫੀਸ 2000/- ਰੁਪੈ ਹੋਵੇਗੀ। ਘੱਟ ਤੋਂ ਘੱਟ ਯੋਗਤਾ 10+2 ਪਾਸ ਹੋਣੀ ਜਰੂਰੀ ਹੈ । ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਕੋਰਸ 10+1 ਜਾਂ 10+2 ਵਿਚ ਪੜ੍ਹ ਰਹੇ ਵਿਦਿਆਰਥੀਆਂ ਲਈ ਨਹੀਂ ਹੈ । ਉਹਨਾਂ ਲਈ ਅਲੱਗ 6 ਮਹੀਨੇ ਦਾ ਡਿਪਲੋਮਾ ਇਨ ਆਈ ਟੀ ਕੋਰਸ ਚਲਾਇਆ ਜਾ ਰਿਹਾ ਹੈ ।

ਚਾਹਵਾਨ ਉਮੀਦਵਾਰ ਅਰਜੀਆ ਜਿਲਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਨੂੰ ਭੇਜ ਸਕਦੇ ਹਨ । ਅਰਜੀ ਦੇ ਨਾਲ ਕੋਰਸ ਫੀਸ ਵਜੋ 2000/- ਰੁਪੈ ਦਾ ਡਰਾਫਟ ਜਿਲਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਦੇ ਨਾਂ ਤੇ ਭੇਜਣਾ ਜ਼ਰੂਰੀ ਹੋਵੇਗਾ। ਅਰਜੀਆ ਪ੍ਰਾਪਤ ਕਰਨ ਦੀ ਆਖਰੀ ਤਾਰੀਖ 26 ਜੁਲਾਈ, 2010 ਹੋਵੇਗੀ।

ਜਿਹੜੇ ਉਮੀਦਵਾਰ ਕੋਰਸ ਵਿਚ ਪਾਸ ਹੋ ਜਾਂਦੇ ਹਨ, ਉਹਨਾਂ ਨੂੰ ਪੰਜਾਬ ਆਈ ਸੀ ਟੀ ਸੋਸਾਇਟੀ ਦਾ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ ।